| | | |
|---|---|---|
| | ਭੱਤੇ | |
| 5.1 | ਮੋਬਾਇਲ ਭੱਤੇ ਸਬੰਧੀ ਸਪੱਸ਼ਟੀਕਰਨ ਦਿੱਤਾ ਜਾਵੇ । ਕੀ ਛੁਟੀ ਦੌਰਾਨ ਮੋਬਾਇਲ ਭੱਤਾ ਮਿਲ ਸਕਦਾ ਹੈ ? | ਪੰਜਾਬ ਸਰਕਾਰ,ਵਿੱਤ ਵਿਭਾਗ ਦੇ ਪੱਤਰ ਨੰਬਰ 3/28/2011-4 ਐਫ.ਪੀ.11/612 ਮਿਤੀ 03.10.2011 ਰਾਹੀਂ ਮਿਤੀ 1.10.2011 ਤੋਂ ਮੋਬਾਇਲ ਭੱਤਾ ਦਿੱਤਾ ਗਿਆ ਸੀ। ਇਹ ਭੱਤਾ ਗਰੁੱਪ ਏ ਲਈ500.00, ਗਰੁੱਪ ਬੀ ਲਈ 300 ਅਤੇ ਗਰੁੱਪ ਸੀ ਲਈ 150 ਅਤੇ ਗਰੁੱਪ ਡੀ ਲਈ 100 ਰੁਪਏ ਦਿੱਤਾ ਗਿਆ ਸੀ । ਬਾਅਦ ਵਿਚ ਪੱਤਰ ਨੰਬਰ 5/10/09-5 ਐਫ.ਪੀ.1/1825 ਮਿਤੀ 23.12.2011 ਰਾਹੀਂ ਗਰੁੱਪ ਸੀ ਅਤੇ ਡੀ ਕਰਮਚਾਰੀਆਂ ਦਾ ਮੋਬਾਇਲ ਭੱਤਾ ਮਿਤੀ 1.12.2011 ਤੋਂ 250 ਰੁਪਏ ਕਰ ਦਿੱਤਾ ਗਿਆ ਸੀ । ਇੱਕ ਮਹੀਨੇ ਵਿਚ 10 ਦਿਨ ਤੋਂ ਵੱਧ ਛੁਟੀ ਲੈਣ ਤੇ ( ਅਚਨਚੇਤ ਛੁੱਟੀ ਛੱਡ ਕੇ ) ਮੋਬਾਇਲ ਅਲਾਉਸ ਨਹੀਂ ਮਿਲੇਗਾ । |
| 5.2 | ਜਿਹੜੇ ਕਰਮਚਾਰੀ ਮੁਫਤ ਸਰਕਾਰੀ ਰਿਹਾਇਸ ਦੇ ਹੱਕਦਾਰ ਹਨ ਅਤੇ ਜੇਕਰ ਉਨ੍ਹਾਂ ਨੂੰ ਸਰਕਾਰ ਵਲੋਂ ਮੁਫਤ ਸਰਕਾਰੀ ਰਿਹਾਇਸ਼ ਦਾ ਪ੍ਰਬੰਧ ਨਹੀਂ ਕੀਤਾ ਜਾਂਦਾ ਤਾਂ ਉਸ ਬਦਲੇ 5 % ਵਾਧੂ ਮਕਾਨ ਕਿਰਾਇਆ ਭੱਤਾ ਦੇਣ ਦੀਆਂ ਸ਼ਰਤਾਂ ਕੀ ਹਨ ? | ਮੁਫਤ ਸਰਕਾਰੀ ਰਿਹਾਇਸ ਨਾਂ ਮਿਲਣ ਕਾਰਨ ਤਨਖਾਹ ਦਾ 5 % ਵਾਧੂ ਮਕਾਨ ਕਿਰਾਇਆ ਭੱਤਾ ਤਾਂ ਹੀ ਮਿਲ ਸਕਦਾ ਹੈ ਜੇਕਰ ਕਰਮਚਾਰੀ ਕਿਰਾਏ ਦੇ ਮਕਾਨ ਵਿਚ ਡਿਊਟੀ ਦੇ ਸਥਾਨ ਦੇ ਨੇੜੇ (ਤਿੰਨ ਕਿਲੋਮੀਟਰ ਦੇ ਘੇਰੇ ਵਿਚ ) ਜਾਂ ਫਿਰ ਸਮਰਥ ਅਧਿਕਾਰੀ ਦੀ ਆਗਿਆ ਨਾਲ ਕਿਤੇ ਹੋਰ ਸਥਾਨ ਤੇ ਰਹਿ ਰਿਹਾ ਹੋਵੇ। ਇਹ ਮਕਾਨ ਕਿਰਾਇਆ ਭੱਤਾ ਮਿਤੀ 1.12.2011 ਤੋਂ ਰਿਵਾਈਜਡ ਸਕੇਲ ਵਾਲੀ ਤਨਖਾਹ ਤੇ ਵੀ 5 % ਮਿਲਣਯੋਗ ਹੋਵੇਗਾ । ਵਿੱਤ ਵਿਭਾਗ ਦਾ ਪੱਤਰ ਨੰਬਰ 812 ਮਿਤੀ 14.11.2011 |
| 5.3 | ਕਰਮਚਾਰੀ ਵਲੋਂ ਦੋ ਲੜਕੀਆਂ ਤੋਂ ਬਾਅਦ ਪ੍ਰੀਵਾਰ ਨਿਯੋਜਨ ਦਾ ਅਪ੍ਰੇਸ਼ਨ ਕਰਵਾਣ ਤੇ ਦੋ ਸਾਲਾਨਾ ਤਰੱਕੀਆਂ ਦੇ ਬਰਾਬਰ ਪ੍ਰੀਵਾਰ ਭਲਾਈ ਭੱਤਾ ਦਿੱਤਾ ਜਾਂਦਾ ਹੈ। ਇਹ ਲਾਭ ਕਿਸ ਮਿਤੀ ਤੋਂ ਲਾਗੂ ਹੈ । | ਮਿਤੀ 1.05.2010 ਤੋਂ ਬਾਅਦ 2 ਲੜਕੀਆਂ ਤੋਂ ਬਾਅਦ ਪ੍ਰੀਵਾਰ ਨਿਯੋਜਨ ਦਾ ਅਪ੍ਰੇਸ਼ਨ ਕਰਵਾਣ ਤੇ 2 ਸਾਲਾਨਾ ਤਰੱਕੀਆਂ ਦੇ ਬਰਾਬਰ ਪ੍ਰੀਵਾਰ ਭਲਾਈ ਭੱਤਾ ਦੇਣ ਯੋਗ ਹੈ ਬਸ਼ਰਤੇ ਬਾਕੀ ਸ਼ਰਤਾਂ ਜ਼ੋ ਪਹਿਲਾਂ ਹੀ ਨਿਰਧਾਰਤ ਹਨ ਪੂਰੀਆਂ ਹੁੰਦੀਆਂ ਹੋਣ । |
| 5.4 | ਅੰਗਹੀਣ ਕਰਮਚਾਰੀਆਂ ਨੂੰ ਸਰਕਾਰ ਵਲੋਂ ਅੰਗਹੀਣਤਾ ਕਾਰਨ ਦਿੱਤੇ ਗਏ ਸਵਾਰੀ ਭੱਤੇ ਦੇ ਨਾਲ ਨਾਲ ਬਾਕੀ ਕਰਮਚਾਰੀਆਂ ਵਾਂਗ ਮਿਲਣ ਵਾਲੇ ਸਵਾਰੀ ਭੱਤੇ ਵੀ ਮਿਲਣਗੇ | ਪੰਜਾਬ ਸਰਕਾਰ ਦੇ ਪੱਤਰ ਨੰਬਰ 3/9%2011/5 ਐਫ.ਪੀ.2/261 ਮਿਤੀ 2.7.2012 ਰਾਹੀਂ ਜਾਰੀ ਕਲੈਰੀਫੀਕੇਸ਼ਨ ਅਨੁਸਾਰ ਅੰਗਹੀਣ ਕਰਮਚਾਰੀਆਂ ਨੂੰ ਅੰਗਹੀਣਤਾ ਕਾਰਨ ਮਿਲ ਰਹੇ ਸਵਾਰੀ ਭੱਤੇ ਦੇ ਨਾਲ ਨਾਲ ਦੂਸਰੇ ਕਰਮਚਾਰੀਆਂ ਵਾਂਗ ਸਵਾਰੀ ਭੱਤਾ ਮਿਲਣ ਯੋਗ ਹੈ। |
| 5.5 | ਛੁਟੀ ਦੌਰਾਨ ਮੋਬਾਇਲ ਭੱਤਾ ਮਿਲਣ ਸਬੰਧੀ ਹਦਾਇਤਾਂ ਦਸੀਆਂ ਜਾਣ । | ਪੰਜਾਬ ਸਰਕਾਰ ਦੇ ਪੱਤਰ ਨੰਬਰ 23/3/2012-4 ਐਫ.ਪੀ.2/501 ਮਿਤੀ 18.10.2012 ਰਾਹੀਂ ਜਾਰੀ ਕਲੈਰੀਫੀਕੇਸ਼ਨ ਅਨੁਸਾਰ ਜੇਕਰ ਕੋਈ ਕਰਮਚਾਰੀ ਅਚਨਚੇਤ ਛੁਟੀ ਨੂੰ ਛੱਡ ਕੇ 10 ਦਿਨ ਜਾਂ ਉਸ ਤੋਂ ਵੱਧ ਸਮੇਂ ਦੀ ਛੁਟੀ ਲੈਂਦਾ ਹੈ ਜਾਂ ਐਲ.ਟੀ.ਸੀ. ਤੇ ਜਾਂਦਾ ਹੈ ਤਾਂ ਉਸ ਨੂੰ ਮੋਬਾਇਲ ਭੱਤਾ ਮਿਲਣ ਯੋਗ ਨਹੀਂ ਹੈ । |
| 5.6 | ਅੰਗਹੀਣ ਕਰਮਚਾਰੀਆਂ ਨੂੰ ਮਿਲਣ ਵਾਲੇ ਸਵਾਰੀ ਭੱਤੇ ਬਾਰੇ ਜਾਣਕਾਰੀ ਦਿੱਤੀ ਜਾਵੇ । | ਪੰਜਾਬ ਸਰਕਾਰ ਦੇ ਪੱਤਰ ਨੰਬਰ No. 3/2/10-5FP2/1402 Dated: 21.12.2011 ਰਾਹੀਂ ਮਿਤੀ 1.12.2011 ਤੋਂ ਅੰਗਹੀਣ ਕਰਮਚਾਰੀਆਂ ਨੂੰ ਸਵਾਰੀ ਭੱਤਾ 450 ਤੋਂ ਵਧਾ ਕੇ 600 ਰੁਪਏ ਕਰ ਦਿੱਤਾ ਗਿਆ ਹੈ । |
| 5.7 | ਅੰਗਹੀਣ ਕਰਮਚਾਰੀ ਨੂੰ ਸਵਾਰੀ ਭੱਤਾ ਮੰਜੂਰ ਕਰਨ ਲਈ ਕਿਸ ਅਧਿਕਾਰੀ ਦੀ ਪ੍ਰਵਾਨਗੀ ਦੀ ਲੋੜ ਹੈ ? | ਅੰਗਹੀਣ ਕਰਮਚਾਰੀ ਨੂੰ ਸਵਾਰੀ ਭੱਤਾ ਦੇਣ ਲਈ ਵਿਭਾਗ ਦੇ ਮੁਖੀ ਦੀ ਪ੍ਰਵਾਨਗੀ ਹੋਣੀ ਚਾਹੀਦੀ ਹੈ। ਇਹ ਭੱਤਾ ਪ੍ਰਵਾਨਗੀ ਜਾਰੀ ਹੋਣ ਦੀ ਮਿਤੀ ਤੋਂ ਦਿੱਤਾ ਜਾਵੇਗਾ। ਪੰਜਾਬ ਸਰਕਾਰ ਦਾ ਪੱਤਰ ਨੰਬਰ 31/38/79-7 ਐਫ.ਆਰ./5073 ਮਿਤੀ 15.7.1982 ਵਿਤੀ ਮੈਨੂਅਲ ਪਾਰਟ 1 ਪੰਨਾ 912 |
| 5.8 | ਤਰਸ ਦੇ ਅਧਾਰ ਤੇ ਨੌਕਰੀ ਪ੍ਰਾਪਤ ਕਰਨ ਦੇ ਕੇਸ ਵਿਚ ਪ੍ਰੀਵਾਰਕ ਪੈਨਸ਼ਨ ਤੇ ਮਹਿੰਗਾਈ ਭੱਤਾ ਦੇਣ ਬਾਰੇ ਸਰਕਾਰ ਦੀ ਪਾਲਿਸੀ ਬਾਰੇ ਜਾਣੂੰ ਕਰਵਾਇਆ ਜਾਵੇ। | **ਤਰਸ ਦੇ ਅਧਾਰ ਤੇ ਨੌਕਰੀ ਪ੍ਰਾਪਤ ਕਰਨ ਵਾਲੇ ਕੇਸਾ ਵਿਚ ਪਹਿਲਾਂ ਪ੍ਰੀਵਾਰਕ ਪੈਨਸ਼ਨ ਤੇ ਮਹਿੰਗਾਈ ਭੱਤਾ ਮਿਲਣ ਯੋਗ ਨਹੀਂ ਸੀ। ਪ੍ਰੰਤੂ ਪੰਜਾਬ ਸਰਕਾਰ ਵਲੋਂ ਪੱਤਰ No.3/20/1020 -3FPPC/ 1203, dated 4th October, 2010 ਰਾਹੀਂ ਇਸ ਕੇਸ ਵਿਚ ਮਹਿੰਗਾਈ ਭੱਤਾ ਦੇਣ ਦੇ ਹੁਕਮ ਜਾਰੀ ਕਰ ਦਿੱਤੇ ਹਨ। ਇਹ ਹਦਾਇਤਾਂ ਮਿਤੀ 4.10.2010 ਭਾਵ ਪੱਤਰ ਜਾਰੀ ਹੋਣ ਦੀ** |

| | | |
|---|---|---|
| | | **ਮਿਤੀ ਤੋਂ ਲਾਗੂ ਹਨ ।** |
| 5.9 | ਜੇਕਰ ਕਰਮਚਾਰੀ ਵਲੋਂ ਇੱਕ ਮਹੀਨੇ ਵਿਚ 10 ਦਿਨ ਤੋਂ ਵੱਧ ਸਮਾਂ ਛੁਟੀ ਲਈ ਹੈ ਤਾਂ ਕੀ ਮੋਬਾਇਲ ਭੱਤਾ ਸਾਰੇ ਮਹੀਨੇ ਦਾ ਕਟਿਆ ਜਾਵੇਗਾ । | **ਮੋਬਾਇਲ ਭੱਤਾ ਜਿਨੇ ਸਮੇਂ ਦੀ ਛੁਟੀ ਲਈ ਗਈ ਹੈ ਉਨੇ ਸਮੇਂ ਦਾ ਕਟਿਆ ਜਾਣਾ ਚਾਹੀਦਾ ਹੈ ।** |
| | | |